International Journal of Multidisciplinary Trends

**E-ISSN:** 2709-9369
**P-ISSN:** 2709-9350
www.multisubjectjournal.com
IJMT 2024; 6(6): 09-11
Received: 09-03-2024
Accepted: 13-04-2024

**ਡਾ.ਅਨੀਤਾ ਰਾਣੀ**
ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਜਲੰਧਰ, ਪੰਜਾਬ, ਭਾਰਤ

**Corresponding Author:**
**ਡਾ.ਅਨੀਤਾ ਰਾਣੀ**
ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਜਲੰਧਰ, ਪੰਜਾਬ, ਭਾਰਤ

# ਨਾਟਕ ਧਰਮ ਗੁਰੁ: ਨਾਰੀ ਸਰੋਕਾਰ (ਚ੍ਰਿਤਲੇਖਾ ਦੇ ਵਿਸ਼ੇਸ਼ ਸੰਦਰਭ ‘ਚ)

## ਡਾ. ਅਨੀਤਾ ਰਾਣੀ

ਆਦਿ ਕਾਲ ਤੋਂ ਹੁਣ ਤਕ ਔਰਤ ਮਰਦ ਪ੍ਰਧਾਨ ਸਮਾਜ ਵਿਚ ਔਰਤ ਦਾ ਦਰਜਾ ਹਾਸ਼ੀਏ ‘ਤੇ ਰਿਹਾ ਹੈ।ਔਰਤ ਚਾਹੇ ਕਿਸੇ ਵੀ ਕਾਲ ਜਾਂ ਸਮਾਜ ਜਾਂ ਵਰਗ ਨਾਲ ਸੰਬੰਧਿਤ ਕਿਉਂ ਨਾ ਹੋਵੇ ਉਸਨੂੰ ਹਮੇਸ਼ਾ ਬਦਿੰਸ਼ਾਂ ਵਿਚ ਹੀ ਸਵਿਕਾਰਿਆ ਜਾਂਦਾ ਹੈ ਉਸਦੀ ਖੁੱਲ੍ਹ, ਖ਼ੁਦ ਲਈ ਫੈਸਲੇ ਲੈਣ ਦੀ ਬਿਰਤੀ ਨੂੰ ਹਮੇਸ਼ਾ ਤ੍ਰਿਸਕਾਰਿਆ ਗਿਆ ਹੈ। ਔਰਤਾਂ ਨੂੰ ਸਮਾਜ ਵਿਚ ਖੁੱਲ੍ਹ ਕੇ ਵਿਚਰਨ ਦੀ ਮਨਾਹੀ ਸੀ ਅਤੇ ਅੱਜ ਵੀ ਹੈ। ਇਹੀ ਕਾਰਣ ਹੈ ਕਿ ਨਾਰੀ ਲੇਖਕਾਂ ਦੇ ਨਾਲ-ਨਾਲ ਮਰਦ ਲੇਖਕਾਂ ਨੇ ਵੀ ਨਾਰੀ ਦੀ ਆਵਾਜ਼ ਨੂੰ ਬੁਲੰਦ ਕਰਨ ਦਾ ਬੀੜ੍ਹਾ ਚੁੱਕਿਆ ਹੈ। ਅਜਿਹੀਆਂ ਸੰਭਾਵਨਾਵਾਂ ਵਿਚੋਂ ਹੀ ਨਾਰੀਵਾਦ, ਨਾਰੀ ਚੇਤਨਾ, ਨਾਰੀ ਆਲੋਚਨਾ, ਨਾਰੀ ਸੰਵੇਦਨਾ ਅਤੇ ਨਾਰੀ ਸਰੋਕਾਰ ਆਦਿ ਸੰਕਲਪ ਸਾਹਮਣੇ ਆਏ।

ਸਵਰਾਜਬੀਰ ਵੀ ਉਨ੍ਹਾਂ ਬੋਧਿਕ-ਵਿਵੇਕ ਵਾਲੇ ਪੰਜਾਬੀ ਨਾਟਕਕਾਰਾਂ ਵਿਚੋਂ ਹੈ ਜਿਨ੍ਹਾਂ ਨੇ ਆਪਣੀਆਂ ਰਚਨਾਵਾਂ ਵਿਚ ਨਾਰੀ ਦੇ ਅਸਤਿੱਤਵ, ਪਛਾਣ ਅਤੇ ਸਮਾਜ ਵਿਚ ਨਾਰੀ ਦੀ ਤ੍ਰਾਸਦਿਕ ਸਥਿਤੀ ਨੂੰ ਆਪਣੇ ਨਾਟਕਾਂ ਦਾ ਵਿਸ਼ਾ ਬਣਾਇਆ ਹੈ।

ਸਵਰਾਜਬੀਰ ਦੇ ਨਾਟਕਾਂ ਦੀਆਂ ਔਰਤਾਂ ਆਪਣੀ ਹੋਂਦ ਨੂੰ ਸੰਵਾਦਕ ਰੂਪ ‘ਚ ਗ੍ਰਹਿਣ ਕਰਦੀਆਂ ਹਨ। ਇੰਜ ਸੰਵਾਦ ਮਨੁੱਖੀ ਹੋਂਦ ਦੀ ਬੁਨਿਆਦ ਹੋ ਨਿਬੜਦਾ ਹੈ ਸੰਵਾਦ ਹੀ ਕਿਸੇ ਭਾਸ਼ਾਈ ਸਮਾਜ ਵਿਚ ਗਿਆਨ-ਸ਼ਾਸਤਰ ਦੀ ਬੁਨਿਆਦੀ ਸੁਰ ਹੁੰਦਾ ਹੈ। ਇਸੇ ਰੂਪ ਵਿਚ ਹੀ ਸਵਰਾਜਬੀਰ ਦੇ ਨਾਟਕਾਂ ਦੀਆਂ ਔਰਤਾਂ ਦੇ ਹੋਂਦਮੂਲਕ ਸਰੋਕਾਰ ਨਾਟ-ਸ਼ਾਸਤਰੀ ਪੱਧਰ ‘ਤੇ ਗਿਆਨ ਸ਼ਾਸਤਰੀ ਰੂਪ ਧਾਰਦੇ ਹਨ।[1]

ਸਵਰਾਜਬੀਰ ਨੇ ਸਮਾਜ ਵਿਚਲੀ ਨਾਰੀ ਦੀ ਦੁਰਦਸ਼ਾ ਨੂੰ ਬਿਆਨ ਕਰਨ ਲਈ ਨਾਟਕ ‘ਧਰਮ ਗੁਰੁ’ ਵਿਚ ਨਾਰੀ ਸਰੋਕਾਰ ਵੀ ਪੇਸ਼ ਕੀਤਾ ਹੈ। ਨਾਟਕ ਵਿਚ ਹਿੰਦੂ/ਬ੍ਰਾਹਮਣ ਵਰਗ ਨਾਲ ਸੰਬੰਧਿਤ ਨਾਰੀ ਦੀ ਦਮਿਤ ਸਥਿਤੀ ਨੂੰ ਮੁੱਖ ਰੂਪ ਵਿਚ ਪ੍ਰਗਟ ਕੀਤਾ ਗਿਆ ਹੈ।ਜੋ ਕਿ ਗਵਾਹੀ ਭਰਦਾ ਹੈ ਕਿ ਆਦਿ ਕਾਲ ਤੋਂ ਹੀ ਔਰਤਾਂ ਦੀ ਸਥਿਤੀ ਹਰੇਕ ਪੱਖ ਤੋਂ ਤ੍ਰਾਸਦਿਕ ਹੀ ਰਹੀ ਹੈ।ਉਸਦੇ ਦੁਆਲੇ ਇਕ ਰੋਕਾਂ ਦਾ ਘੇਰਾ ਹਮੇਸ਼ਾ ਰਹਿੰਦਾ ਜਿਸਦੇ ਅੰਦਰ ਰਹਿ ਕੇ ਹੀ ਉਹ ਆਪਣੇ ਆਪ ਨੂੰ ਚਰਿੱਤਰਵਾਨ ਦੱਸ ਸਕਦੀ ਹੈ, ਉਸ ਘੇਰੇ ਤੋਂ ਬਾਹਰ ਉਸਦਾ ਕੋਈ ਅਸਤਿਤੱਵ ਨਹੀਂ।

ਨਾਟਕ ਦੀ ਮੁੱਖ ਇਸਤਰੀ ਪਾਤਰ ‘ਚ੍ਰਿਤਲੇਖਾ’ ਹਿੰਦੂ ਬ੍ਰਾਹਮਣ ਸਮਾਜ ਨਾਲ ਸੰਬੰਧ ਰੱਖਦੀ ਹੈ। ਉਹ ਰਾਜਕੁਮਾਰ ਸਤਿਆਵ੍ਰਤ ਨੂੰ ਪ੍ਰੇਮ ਕਰਦੀ ਹੈ। ਸਤਿਆਵ੍ਰਤ, ਚ੍ਰਿਤਲੇਖਾ ਦੇ ਪਿਤਾ ਨੂੰ ਉਸ ਨਾਲ ਵਿਆਹ ਕਰਾਉਣ ਲਈ ਸੁਨੇਹਾ ਭੇਜਦਾ ਹੈ ਪਰ ਚ੍ਰਿਤਲੇਖਾ ਦਾ ਪਿਤਾ ਉਸਦਾ ਵਿਆਹ ਸਤਿਆਵ੍ਰਤ ਨਾਲ ਕਰਾਉਣ ਦੀ ਬਜਾਇ ਕਿਤੇ ਹੋਰ ਨਿਯੁਕਤ ਕਰ ਦਿੰਦਾ ਹੈ ਅਤੇ ਚ੍ਰਿਤਲੇਖਾ ਦਾ ਘਰੋਂ ਨਿਕਲਣਾ ਵੀ ਬੰਦ ਕਰ ਦਿੰਦਾ ਹੈ:

ਸਤਿਆਵ੍ਰਤ: ਮੈਂ ਤਾਂ ਉਨ੍ਹਾਂ ਨੂੰ ਸੰਦੇਸ਼ ਵੀ ਭੇਜਿਆ ਸੀ! ਪਰ ਪਤਾ ਨਹੀਂ .... ਕੀ ਗੱਲ ਹੋਈ...
ਉਨ੍ਹਾਂ ਨੇ ਕੋਈ ਉੱਤਰ ਈ ਨਹੀਂ ਦਿੱਤਾ। ਚ੍ਰਿਤਲੇਖਾ ਨੇ ਵੀ ਕੋਈ ਸੁਨੇਹਾ ਨਹੀਂ ਭੇਜਿਆ।
ਸੁਧਰਮਾ: ਸੁਨੇਹਾ ਕਿਵੇਂ ਭੇਜਦੀ! ਚ੍ਰਿਤਲੇਖਾ ਨੂੰ ਉਨ੍ਹਾਂ ਕਈ ਦਿਨਾਂ ਤੋਂ ਘਰੋਂ ਹੀ ਨਹੀਂ ਨਿਕਲਣ ਦਿੱਤਾ।[2]

ਸਵਰਾਜਬੀਰ ਨੇ ਪਿੱਤਰ ਸੱਤਾ ਪ੍ਰਬੰਧ ਦੀ ਦਮਨ ਨੀਤੀ ਅਧੀਨ ਔਰਤ ਦੀ ਸਥਿਤੀ ਬਾਰੇ ਨਾਟਕ ਵਿਚ ਦੱਸਿਆ ਹੈ ਕਿ ਔਰਤ ਆਪਣੇ ਬਾਪ ਤੋਂ ਬਾਹਰੀ ਹੋ ਕੇ ਕੋਈ ਫ਼ੈਸਲਾ ਲੈਣ ਦੀ ਅਧਿਕਾਰੀ ਨਹੀਂ ਹੈ।ਪਿਤਰੀ ਸੱਤਾ ਦੀ ਪਕੜ ਇੰਨੀ ਮਜ਼ਬੂਤ ਹੈ ਕਿ ਇਸਦੀ ਦਮਨ ਦੀ ਬਿਰਤੀ ਸਮੇਂ ਦੇ ਅਨੁਸਾਰ ਬਦਲਦੀ ਤਾਂ ਜ਼ਰੂਰ ਹੈ ਪਰ ਕਦੇ ਖ਼ਤਮ ਨਹੀਂ ਹੁੰਦੀ । ਉਸਦਾ ਬਾਪ ਜਿੱਥੇ ਚਾਹੇ ਉਸਨੂੰ ਵਿਆਹ ਸਕਦਾ ਹੈ। ਪਿਤਾ ਦੇ ਕਹਿਣੇ ਵਿਚ ਹੀ ਜੀਵਨ ਹੈ ਨਹੀਂ ਤਾਂ ਮੌਤ।ਬੇਗਾਨਗ਼ੀ ਭਰੀ ਅਤੇ ਤ੍ਰਿਸਕਾਰ ਭਰੀ ਮੌਤ। ਪਿਤਾ, ਪਤੀ ਦੇ ਸਾਏ ਤੋਂ ਬਿਨਾਂ ਔਰਤ ਸਮਾਜ ਵਿਚ ਵਿਚਰਨ-ਵਿਚਾਰਨ ਦੇ ਯੋਗ ਨਹੀਂ ਮੰਨੀ ਜਾਂਦੀ:

ਦੂਜੀ: ਨੀ ਚੁੱਪ ਕਰ!
ਮੈਂ ਚੰਗੇ ਘਰ ਦੀ ਜਾਈ ਹਾਂ।
ਜਿਥੇ ਮਾਂ ਪਿਓ ਆਖਿਆ, ਓਥੇ ਹੀ ਪਰਣਾਈ ਹਾਂ।
ਵੱਡੇ ਘਰ ਦੀ ਸਰਨਾਈ ਹਾਂ।
ਪਹਿਲੀ: ਨਾ ਨੀ ਨਾ!
ਮੈਂ ਕਦੇ ਚੂੰ ਨਾ ਕੀਤੀ।
ਜਿੱਥੇ ਪਿਓ ਆਖਿਆ, ਓਥੇ ਸਿਰ ਨਿਵਾਇਆ।
ਓਥੇ ਹੀ ਵਿਆਹ ਰਚਾਇਆ।[3]

ਚ੍ਰਿਤਲੇਖਾ ਦੇ ਪਾਤਰ ਰਾਹੀਂ ਨਾਟਕਕਾਰ ਨੇ ਇਹ ਦੱਸਿਆ ਹੈ ਕਿ ਔਰਤ ਹਮੇਸ਼ਾ ਆਪਣੇ ਪਤੀ ਦਾ ਸਤਿਕਾਰ ਕਰਨਾ ਅਤੇ ਸਾਥ ਦੇਣਾ ਆਪਣਾ ਧਰਮ ਮੰਨਦੀ ਹੈ।ਔਰਤ ਆਪਣੀ ਆਈ 'ਤੇ ਆਈ ਕਿਸੇ ਵੀ ਹਾਲਾਤ ਵੀ ਆਪਣੇ ਪਤੀ ਦਾ ਸਾਥ ਨਹੀਂ ਛੱਡਦੀ। ਜਦੋਂ ਸਤਿਆਵ੍ਰਤ ਚਿਤ੍ਰਲੇਖਾ ਨੂੰ ਉਧਾਲ ਕੇ ਲੈ ਆਉਂਦਾ ਹੈ ਤਾਂ ਤ੍ਰਿਆਅਰੁਣ, ਸਤਿਆਵ੍ਰਤ ਨੂੰ ਦੇਸ਼ ਨਿਕਾਲਾ ਦੇ ਦਿੰਦਾ ਹੈ । ਉਸ ਸਮੇਂ ਚ੍ਰਿਤਲੇਖਾ, ਸਤਿਆਵ੍ਰਤ ਦਾ ਪੂਰਾ ਸਾਥ ਦਿੰਦੀ ਹੈ। ਆਪਣੇ ਸੁਪਨੇ/ ਐਸ਼ੋ-ਆਰਾਮ ਛੱਡ ਕੇ ਪਤੀ ਨਾਲ ਜੰਗਲਾਂ ਵਿਚ ਰਹਿਣ ਨੂੰ ਵੀ ਤਿਆਰ ਹੈ:

ਚ੍ਰਿਤਲੇਖਾ: ਚਲੋ ਕੁਮਾਰ।
ਸਤਿਆਵ੍ਰਤ: ਹਾਂ, ਚਲੋ ਚਲੀਏ... ਪਰ ਏਹ ਕੀ ਲਿਆਈਂ ਏ?
ਚ੍ਰਿਤਲੇਖਾ: ਆਪਣੀ ਕਿਸੇ ਸਖੀ ਤੋਂ ਕੁਝ ਵਸਤਰ ਲੈ ਕੇ ਆਈ ਹਾਂ।[4]

ਚ੍ਰਿਤਲੇਖਾ ਅਜਿਹੀ ਔਰਤਤੱਵ ਜਾਂ ਪਤੀਵ੍ਰਤਾ ਨਾਰੀ ਦਾ ਪ੍ਰਤੀਕ ਹੈ ਜੋ ਆਪਣੇ ਪਤੀ ਨਾਲ ਹਰ ਸਮੇਂ ਮੌਜੂਦ ਹੈ। ਉਹ ਪਤੀ ਦਾ ਸਾਥ ਦੇਣ ਦੇ ਨਾਲ-ਨਾਲ ਉਸ ਲਈ ਕਿਸੇ ਨਾਲ ਵੀ ਲੜਣ ਨੂੰ ਤਿਆਰ ਹੈ। ਚਾਹੇ ਉਸਦੇ ਸਾਮ੍ਹਣੇ ਧਰਮ ਗੁਰੂ ਹੋਵੇ ਜਾਂ ਉਸਦੇ ਅਧਿਕਾਰੀ ਜਾਂ ਚੇਲੇ।

ਚ੍ਰਿਤਲੇਖਾ: ਧਰਮ ਗੁਰੂ ਨੂੰ ਕਹਿ ਦਿਉ...ਕੁਮਾਰ ਨਹੀਂ ਆਉਣਗੇ! ਬਹੁਤ ਹੋ ਗਈਆਂ ਨੇ ਇਹ ਧਰਮ-ਸਭਾਵਾਂ!...ਨਾਲੇ ਅਸੀਂ ਨਗਰ ਤੋਂ ਬਾਹਰ ਰਹਿੰਦੇ ਹਾਂ ਤੇ ਨਗਰ ਤੋਂ ਬਾਹਰ
ਧਰਮ ਗੁਰੂ ਦੇ ਨੇਮ-ਕਾਨੂੰਨ ਨਹੀਂ ਚੱਲਦੇ।[5]

ਨਾਰੀ ਸਮਾਜਕ ਕਦਰਾਂ ਕੀਮਤਾਂ ਅਤੇ ਸੰਸਕਾਰਾਂ ਵਿਚ ਜਕੜੀ ਹਮੇਸ਼ਾ ਦੁਚਿੱਤੀ ਵਿਚ ਗ੍ਰਸੀ ਰਹਿੰਦੀ ਹੈ। ਔਰਤ ਕਈ ਸਥਿਤੀਆਂ ਵਿਚ ਮਨੋਵਿਗਿਆਨਕ ਪੱਧਰ 'ਤੇ ਦੁਬਿਧਾਤਮਕ ਸਥਿਤੀ ਵਿਚ ਪੈ ਜਾਂਦੀ ਹੈ।ਰਾਜ ਵਿਚ ਸੋਕਾ ਪੈਣ ਦੀ ਸਥਿਤੀ ਵਿਚ ਜਦੋਂ ਸਤਿਆਵ੍ਰਤ , ਚ੍ਰਿਤਲੇਖਾ ਨੂੰ ਗਉ-ਮਾਸ ਲਿਆ ਕੇ ਦਿੰਦਾ ਹੈ ਅਤੇ ਪਕਾਉਣ ਲਈ ਕਹਿੰਦਾ ਹੈ ਤਾਂ ਚ੍ਰਿਤਲੇਖਾ ਬ੍ਰਾਹਮਣ ਧਰਮ ਦੇ ਨੇਮਾਂ ਨੂੰ ਪਿੱਛੇ ਛੱਡਦੀ ਹੋਈ ਪਤੀ ਧਰਮ ਅਪਣਾਉਂਦੀ ਹੈ। ਉਸ ਸਮੇਂ ਕੜੀ ਜਦੋ-ਜਹਿਦ ਦੇ ਬਾਦ ਚ੍ਰਿਤਲੇਖਾ ਅਤਪਣੇ ਪਤੀ ਦੇ ਵਚਨ ਨੂੰ ਨਿਭਾਉਣ ਲਈ ਅਧਰਮ ਕਰਨ ਨੂੰ ਤਿਆਰ ਹੈ:

ਚ੍ਰਿਤਲੇਖਾ: ਮੈਂ ਬ੍ਰਾਹਮਣ ਦੀ ਧੀ ਹਾਂ! ਗਉ-ਮਾਸ ਖਾਣਾ ਘੋਰ ਪਾਪ ਐ! ਅਧਰਮ ਹੈ!............
ਹੇ ਭਗਵਾਨ ਮੈਂ ਕੀ ਕਰਾਂ।...ਦਇਆ ਕਰੋ ਭਗਵਾਨ!...ਕੁਮਾਰ ਨੇ ਹੁਣੇ ਵਾਪਸ ਆ ਜਾਣੈਂ! (ਮਾਸ ਦੀ ਪੋਟਲੀ ਚੁੱਕਦੀ ਹੈ ਤੇ ਫਿਰ ਥੱਲੇ ਰੱਖਦੀ ਹੈ)...ਹੇ ਭਗਵਾਨ, ਅੱਜ
ਮੈਂ ਉਹ ਕਰਨ ਲੱਗੀ ਆਂ, ਜੋ ਕਦੀ ਨਹੀਂ ਸੀ ਕਰਨਾ![6]

ਔਰਤ ਨੇ ਸਮੇਂ ਸਮੇਂ 'ਤੇ ਵੱਖ-ਵੱਖ ਰੂਪਾਂ ਵਿਚ ਕਈ ਵਿਤਕਰਿਆਂ ਅਤੇ ਵਖਰੇਵਿਆਂ ਨੂੰ ਆਪਣੇ ਤਨ ਅਤੇ ਮਨ 'ਤੇ ਹੰਢਾਇਆ ਹੈ।ਲਿੰਗ ਭੇਦਤਾ ਨੇ ਔਰਤ ਨੂੰ ਸਮਾਜਿਕ ਬਰਾਬਰੀ ਦੀ ਵਲਗਣ ਤੋਂ ਬਾਹਰ ਧੱਕ ਦਿੱਤਾ ਹੈ। ਧਰਮ ਜਿਥੇ ਸਭ ਦੇ ਮਾਣ-ਸਨਮਾਨ ਦੀ ਰੱਖਿਆ ਕਰਨ ਲਈ ਬਣਾਇਆ ਗਿਆ ਸੀ, ਨਾਟਕ ਵਿਚ ਉਹੀ ਧਰਮ, ਲਿੰਗ ਭੇਦ ਕਾਰਣ ਇਸਤਰੀ ਨੂੰ ਧਰਮ/ ਰਾਜ-ਸਭਾਵਾਂ ਵਿਚ ਬੋਲਣ ਤਾਂ ਕੀ ਆਉਣ ਦੀ ਇਜਾਜ਼ਤ ਵੀ ਨਹੀਂ ਦਿੰਦਾ।
ਵਸਿਸ਼ਠ: ਤੂੰ ਕੌਣ ਏ ਕੰਨਿਆਂ?... ਤੇ ਇਸ ਧਰਮ-ਸਭਾ ਵਿਚ ਕਿਸਦੀ ਅਗਿਆ ਨਾਲ ਆਈ ਏਂ?

ਚ੍ਰਿਤਲੇਖਾ: ਰਿਸ਼ੀਵਰ, ਮੈਂ ਰਾਜਕੁਮਾਰ ਸਤਿਅਵ੍ਰਤ ਦੀ ਅਰਧਾਂਗਨੀ ਚ੍ਰਿਤਲੇਖਾ ਹਾਂ। ਵਸਿਸ਼ਠ: ਤੇਰੇ ਇਸ ਸੰਬੰਧ ਨੂੰ ਧਰਮ-ਸਭਾ ਨੇ ਸਵੀਕਾਰ ਨਹੀਂ ਸੀ ਕੀਤਾ, ਕੰਨਿਆਂ!.. ਤੇ ਦੂਸਰਾ...ਇਸਤਰੀਆਂ ਦਾ ਧਰਮ-ਸਭਾਵਾਂ 'ਚ ਆਉਣਾ ਮਨ੍ਹਾ ਹੈ।[7]

ਧਰਮਗੁਰੂ ਨਾਟਕ ਇਸਤਰੀ ਦੀ ਸਮਾਜ ਵਿਚ ਤ੍ਰਾਸਦਿਕ ਸਥਿਤੀ ਨੂੰ ਨਾਰੀ ਸਰੋਕਾਰ ਹੇਠ ਬਿਆਨ ਕਰਦਾ ਹੈ।ਹਿੰਦੂ ਧਰਮ ਵਿਚ ਔਰਤ ਦੀ ਦਮਿਤ ਸਥਿਤੀ ਦਾ ਘਿਨਾਉਣਾ ਸੱਚ ਪੇਸ਼ ਕਰਦਾ ਹੈ।ਜਿਥੇ ਉਸਨੂੰ ਧਰਮ ਸਭਾਵਾਂ ਵਿਚ ਜਾਣ ਦੀ ਮਨਾਹੀ, ਸਮਾਜ ਵਿਚ ਖੁਲ੍ਹ ਕੇ ਵਿਰਤਨ, ਆਰਥਕ ਤੌਰ 'ਨਿਰਭਰ ਹੋਣ ਅਤੇ ਆਪਣੇ ਲਈ ਸੋਚਣ ਦੀ ਮਨਾਹੀ ਹੈ।ਔਰਤ ਦੀ ਅਜਿਹੀ ਸਥਿਤੀ ਅੱਜ ਦੀ ਪੈਦਾਇਸ਼ ਨਹੀ, ਇਸਦੀਆਂ ਜੜ੍ਹਾਂ ਪੁਰਾਤਨਤਾ/ ਅਤੀਤ ਵਿਚ ਹਨ।ਸੋ ਜਿੰਨਾ ਸਮਾਂ ਨਾਰੀ ਦੁਖਾਂਤ ਦੇ ਕਾਰਨ ਅਤੀਤ ਦੇ ਆਰਕੀਟਾਈਪ ਵਿਚ ਨਹੀਂ ਪਛਾਣੇ ਜਾਂਦੇ, ਉਨਾਂ ਚਿਰ ਸਮੱਸਿਆ ਦੇ ਸੰਭਾਵੀ ਹਿੱਤ ਤਲਾਸ਼ਣਾ ਅਸੰਭਵ ਹਨ।

**ਹਵਾਲੇ**


1. ਸਵਰਾਜਬੀਰ ਦਾ ਨਾਟ-ਜਗਤ (ਪਿਤਰਕੀ ਪ੍ਰਬੰਧ ਨੂੰ ਲਲਕਾਰ), ਪੰਨਾ 100
2. ਸਵਰਾਜਬੀਰ, ਧਰਮ ਗੁਰੁ, ਪੰਨਾ 32
3. ਉਹੀ, ਪੰਨਾ 35
4. ਉਹੀ, ਪੰਨਾ 51
5. ਉਹੀ, ਪੰਨਾ 79
6. ਉਹੀ, ਪੰਨਾ 76
7. ਉਹੀ, ਪੰਨਾ 86